# ਕਲਾ ਦੇ ਝਰੋਖੇ ਤੋਂ

**ਲਿੰਡਸੇ ਦੀ ਫਿਲਮ 'ਇਫ' :-** ਸਿਨਮਾ ਆਰਟ ਆਪਣੇ-ਆਪ ਵਿਚ ਇਕ ਬਹੁਤ ਵੱਡੀ ਕਲਾ ਹੈ । ਜਿਸ ਤਰ੍ਹਾਂ ਇਕ ਚਿੱਤਰਕਾਰ ਕੋਲ ਉਹਦਾ ਬੁਰਸ਼ ਸਿਰਜਣਾ ਲਈ ਇਕ ਹਥਿਆਰ ਹੈ ਇਸ ਤਰ੍ਹਾਂ ਫਿਲਮਸਾਜ਼ ਕੋਲ ਕੈਮਰਾ ਇਕ ਹਥਿਆਰ ਹੈ । ਟੀ. ਵੀ. 'ਤੇ ਜਿੱਥੇ ਆਮ ਤੌਰ 'ਤੇ ਹਲਕੀਆਂ-ਫੁਲਕੀਆਂ ਫਿਲਮਾਂ ਹੀ ਵੇਖਣ ਨੂੰ ਮਿਲਦੀਆਂ ਹਨ, ਉਥੇ ਕਦੀ ਕਦੀ ਗਈ ਗਤ ਫਿਲਮ ਕਲਾ ਦੇ ਸ਼ਾਹਕਾਰ ਵੀ ਵੇਖਣ ਨੂੰ ਮਿਲਦੇ ਹਨ । ਇਕ ਸ਼ਾਹਕਾਰ, ਫਿਲਮਸ਼ਾਜ਼ ਲਿੰਡਸੇ ਦੀ ਫਿਲਮ 'ਇਫ' (ਸ਼ਬਦੀ ਅਰਥ 'ਜੇਕਰ') ਹੈ । ਲਿੰਡਸੇ ਦਾ ਪਿਛਲੇ ਦਿਨਾਂ ਵਿਚ ਦਿਹਾਂਤ ਹੋ ਗਿਆ ਹੈ, ਪਰ ਉਹਦੀ ਇਹ ਫਿਲਮ, ਫ਼ਿਲਮ ਇਤਿਹਾਸ ਵਿਚ ਉਹਦੇ ਨਾਂ ਨੂੰ ਅਮਰ ਕਰ ਗਈ ਹੈ । ਇਹ ਕਿਸ਼ੋਰ ਉਮਰ ਦੇ ਮੁੰਡਿਆਂ ਦੀ ਹੋਸਟਲ ਦੀ ਕਹਾਣੀ ਹੈ, ਜਿਸ ਨੂੰ ਕਈ ਪਰਤਾਂ ਵਿਚ ਫਿਲਮਾਕੇ ਲਿੰਡਸੇ ਨੇ ਇਸ ਨੂੰ ਜ਼ਿੰਦਗੀ ਦੇ ਡੂੰਘੇ ਅਰਥ ਦਿੱਤੇ ਹਨ । ਹੋਸਟਲ ਦੇ ਇਕ ਕਮਰੇ ਵਿਚ ਖੱਪ ਰੌਲ ਹੈ । ਵਾਰਡਨ ਭਾਰੇ ਭਾਰੇ ਬੂਟਾਂ ਦੇ ਕਦਮਾਂ ਨਾਲ ਕਮਰੇ ਵਿਚ ਦਾਖਲ ਹੁੰਦਾ ਹੈ । ਸਾਰੇ ਚੁੱਪ ਛਾ ਜਾਂਦੀ ਹੈ, ਵਾਰਡਨ ਲੰਮੇ ਸਾਹ ਲੈ ਕੇ ਕੁਝ ਸੁੰਘਦਾ ਹੈ । ਬੀਅਰ ਦੀ ਗੰਧ ਹੈ । ਕੌਣ ਲਿਆਇਆ ? ਸਭ ਚੁੱਪ ਹੈ । ਕਹਾਣੀ ਅੱਗੇ ਤੁਰਦੀ ਹੈ । ਦੋ ਵਿਦਿਆਰਥੀਆਂ ਨੂੰ ਬਲੀ ਦਾ ਬੱਕਰਾ ਬਣਾਇਆ ਜਾਂਦਾ ਹੈ । ਪਹਿਲੇ ਸਜ਼ਾ ਹੈ । ਅਖੀਰ ਬਗਾਵਤ ਹੈ । ਸਮੁੱਚੇ ਤੌਰ 'ਤੇ ਇਹ ਸਥਾਪਤ ਹੋ ਜਾਂਦਾ ਹੈ ਕਿ ਜ਼ਿੰਦਗੀ ਦੀਆਂ ਖੁਸ਼ੀਆਂ ਖੇੜਿਆ ਨੂੰ ਤਾਨਾਸ਼ਾਹੀ ਬੂਟ ਦਬਾਉਂਦੇ ਹਨ । ਫਿਲਮ ਵਿਚ ਦ੍ਰਿਸ਼ਾਂ ਨੂੰ ਹਨੇਰੇ ਚਾਨਣ ਦੀ ਫੋਟੋਗ੍ਰਾਫੀ ਵਿਚ ਇਸ ਤਰ੍ਹਾਂ ਪੇਸ਼ ਕੀਤਾ ਗਿਆ ਹੈ ਕਿ ਮੁੰਡਿਆਂ ਨੂੰ ਜਦੋਂ ਸਜ਼ਾ ਦਿੱਤੀ ਜਾ ਰਹੀ ਹੈ ਤਾਂ ਦ੍ਰਿਸ਼ਾਂ ਵਿਚ ਸਥਾਪਤੀ ਵਲੋਂ ਕਾਇਮ ਕੀਤੇ ਤਸੀਹੇ ਘਰਾਂ ਦਾ ਪੂਰੀ ਤਰ੍ਹਾਂ ਡਰਾਉਣਾ ਪ੍ਰਭਾਵ ਉਭਰਦਾ ਹੈ । ਮੁੰਡੇ ਬਗਾਵਤ ਦੇ ਰੌਅ ਵਿਚ ਸੜਕ 'ਤੇ ਚਲ ਰਹੇ ਹਨ । ਉਨ੍ਹਾਂ ਦੇ ਨਿੱਕੇ ਨਿੱਕੇ ਕਦਮ ਤਾਨਾਸ਼ਾਹੀ ਦੇ ਭਾਰੇ ਬੂਟਾਂ ਵਾਲੇ ਕਦਮਾਂ ਨੂੰ ਚੁਣੌਤੀ ਦੇ ਰਹੇ ਹਨ ਤੇ ਹੌਲੇ ਹੌਲੇ ਨਿੱਕੇ ਕਦਮ ਗਿਣਤੀ ਵਿਚ ਵਧਦੇ ਭਾਰੇ ਬੂਟਾਂ ਵਾਲੇ ਕਦਮਾਂ ਉਤੇ ਹਾਵੀ ਹੁੰਦੇ ਹਨ । ਬਗਾਵਤ ਦੇ ਅਮਲ ਦਾ ਫੋਟੋ ਕਰਮ ਆਪਣੇ-ਆਪ ਵਿਚ ਕੈਮਰਾ ਕਲਾ ਦਾ ਮਾਸਟਰਪੀਸ ਹੋ ਨਿਬੜਦਾ ਹੈ ।

ਫਿਲਮ ਕਲਾ ਵਿਚ ਨਿਰਦੇਸ਼ਕ ਪਹਿਲੇ ਦ੍ਰਿਸ਼ਾਂ ਦੀ ਕਲਪਨਾ ਕਰਦਾ ਹੈ । ਉਨ੍ਹਾਂ ਨੂੰ ਕਈ ਕੋਨਾਂ ਤੋਂ ਕੈਮਰੇ ਵਿਚ ਬੰਦ ਕਰਦਾ ਹੈ । ਉਨ੍ਹਾਂ ਨੂੰ ਐਡਿਟ ਕਰ ਕੇ ਇਕ ਤਰਤੀਬ ਦਿੰਦਾ ਹੈ । ਇਕ ਅਮਲ ਨੂੰ ਕਈ ਪਰਤਾਂ ਵਿਚ ਪ੍ਰਗਟਾਇਆ ਜਾਂਦਾ ਹੈ ਤੇ ਆਖਰੀ ਪ੍ਰਭਾਵ ਜੋ ਨਿੱਖਰ ਕੇ ਆਂਦਾ ਹੈ, ਉਹ ਇਕ ਸੰਵੇਦਨਾ ਭਰਪੂਰ ਕਲਾ-ਕ੍ਰਿਤ ਹੁੰਦੀ ਹੈ । ਫਿਲਮ ਕਲਾ ਸਿਰਫ ਨੱਚਣ-ਟੱਪਣ ਜਾਂ ਅਸ਼ਲੀਲ ਹਰਕਤਾਂ ਦਾ ਫਿਲਮੀਕਰਨ ਨਹੀਂ, ਸਗੋਂ ਜੀਵਨ ਦੇ ਯਥਾਰਥ ਨੂੰ ਪ੍ਰਗਟਾਉਂਦੀ ਇਕ ਕਲਾ ਹੈ । ਲਿੰਡਸੇ ਦੀ ਇਹ ਫਿਲਮ ਇਸ ਤੱਥ ਦਾ ਜਿਉਂਦਾ ਜਾਗਦਾ ਪ੍ਰਮਾਣ ਹੈ । ਸਾਡਾ ਜਨ ਸਾਧਾਰਨ ਜਿੰਨਾ ਇਸ ਕਲਾ ਦੀਆਂ ਬਰੀਕੀਆਂ ਬਾਰੇ ਸੁਚੇਤ ਹੋਵੇਗਾ, ਉਨੀ ਹੀ ਉਮੀਦ ਰੱਖੀ ਜਾ ਸਕੇਗੀ ਕਿ ਸਾਡੇ ਖਿੱਤੇ ਵਿਚ ਸੰਵੇਦਨਸ਼ੀਲ ਫਿਲਮ ਬਣਨਗੀਆਂ ਵੀ ਅਤੇ ਲੋਕ ਉਨ੍ਹਾਂ ਨੂੰ ਅਪਣਾਉਣਗੇ ।

**ਭਾਬੀ ਮੈਨਾ ਦੀ ਇਕ ਹੋਰ ਖੂਬਸੂਰਤ ਪੇਸ਼ਕਸ਼ :-** ਪਿਛਲੇ ਹਫਤੇ ਮੁਹਾਲੀ ਦੇ ਸਰਘੀ ਕਲਾ ਕੇਂਦਰ ਵਲੋਂ ਭਾਬੀ ਮੈਨਾ ਦੀ ਸਫਲ ਪੇਸ਼ਕਾਰੀ ਹੋਈ ਸੀ । ਉਸੇ ਕਹਾਣੀ ਦੀ ਇਕ ਹੋਰ ਖੂਬਸੂਰਤ ਪੇਸ਼ਕਸ਼ ,ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਰਾਮਾ ਡੀਪਾਰਟਮੈਂਟ ਨੇ ਕੀਤੀ ਹੈ । ਇਸ ਦੀ ਸਕਰਿਪਟ ਵਿਦਿਆਰਥੀਆਂ ਵਲੋਂ ਸਾਂਝੇ ਤੌਰ 'ਤੇ ਵਿਕਸਿਤ ਕੀਤੀ ਗਈ । ਅੰਤਿਮ ਰੂਪ ਡੀਪਾਰਟਮੈਂਟ ਦੀ ਮੁਖੀ ਨਵਨਿੰਦਰ ਬਹਿਲ ਨੇ ਦਿੱਤਾ ਤੇ ਉਨ੍ਹਾਂ ਨੇ ਹੀ ਇਸ ਦਾ ਨਿਰਦੇਸ਼ਨਾ ਕੀਤੀ । ਕੁਮਾਰ ਪਵਨ ਦੀਪ ਨੇ ਇਸ ਪੇਸ਼ਕਾਰੀ ਦੀ ਡੀਜ਼ਾਇਨਿੰਗ ਕੀਤੀ, ਅਨੀਤਾਮੀਤ ਨੇ ਭਾਬੀ ਮੈਨਾ ਦੇ ਰੂਪ ਵਿਚ ਆਪਣੀ ਅਭੀਨੈ ਕਲਾ ਨਾਲ ਇਸ ਪੇਸ਼ਕਾਰੀ ਨੂੰ ਯਾਦਗਾਰੀ ਬਣਾਇਆ । ਉਮੀਦ ਕੀਤੀ ਜਾਂਦੀ ਹੈ ਕਿ ਯੂਨੀਵਰਸਿਟੀ ਦਾ ਡਰਾਮਾ ਡੀਪਾਰਟਮੈਂਟ ਇਹੋ ਜਿਹੀਆਂ ਪੇਸ਼ਕਾਰੀਆਂ ਦੀਆਂ ਰਵਾਇਤਾਂ ਨੂੰ ਜਾਰੀ ਰੱਖਦੇ ਹੋਏ ਪੰਜਾਬੀ ਥੀਏਟਰ ਵਿਚ ਆਪਣਾ ਬਣਦਾ ਯੋਗਦਾਨ ਪਾਵੇਗਾ । ਯੂਨੀਵਰਸਿਟੀਆਂ ਦਾ ਇਹ ਕਰਤੱਵ ਵੀ ਬਣ ਜਾਂਦਾ ਹੈ :-

**ਮੈਂ ਤਾਂ ਨਹੀਂ ਰਹਾਂਗਾ, ਮੇਰੇ ਗੀਤ ਰਹਿਣਗੇ :**

ਇਹ ਸਤਰ ਸੁਰਜੀਤ ਪਾਤਰ ਦੀਆਂ ਗ਼ਜ਼ਲਾਂ ਵਿਚੋਂ ਇਕ ਗ਼ਜ਼ਲ ਦੀ ਹੈ, ਜੋ ਉਸ ਨੇ ਆਪਣੀ ਆਵਾਜ਼ ਵਿਚ 'ਬਿਰਖ ਜੋ ਸਾਜ਼ ਹੈ' ਕੈਸੇਟ ਵਿਚ ਪੇਸ਼ ਕੀਤੀ ਹੈ । ਸਾਡੇ ਬੁੱਧੀਜੀਵੀ ਹਲਕਿਆਂ ਵਿਚ ਬਹੁਤ ਵਾਰੀ ਕੈਸਿਟ ਕਲਚਰ ਦੀ ਗੱਲ ਨਿਖੇਧਪਾਤਮਕ ਰੂਪ ਵਿਚ ਕੀਤੀ ਜਾਂਦੀ ਹੈ, ਕਿਉਂਕਿ ਪੰਜਾਬੀ ਗੀਤਾਂ ਦੀਆਂ ਬਹੁਤ ਸਾਰੀਆਂ ਕੈਸਿਟਾਂ ਸੁਹਜ-ਸਵਾਦ ਦੇ ਪੱਖ ਤੋਂ ਊਣੀਆਂ ਹੁੰਦੀਆਂ ਹਨ । ਪਰ ਇਹ ਸੰਚਾਰ ਮਧਿਅਮ ਆਪਣੇ-ਆਪ ਵਿਚ ਬੜੀਆਂ ਸੰਭਾਵਨਾਵਾਂ ਰੱਖਦਾ ਹੈ ਤੇ ਇਸ ਦੇ ਰਾਹੀਂ ਬਹੁਤ ਕੁਝ ਚੰਗਾ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ । ਪਾਸ਼ ਦੀਆਂ ਕਵਿਤਾਵਾਂ ਦੀ ਇਕ ਕੈਸਿਟ 'ਅਸੀਂ ਲੜਾਂਗੇ ਸਾਥੀ' ਉਹਦੀ ਸ਼ਹਾਦਤ ਦੇ ਬਾਅਦ ਤਿਆਰ ਕੀਤੀ ਗਈ ਸੀ । ਸੁਖਦੇਵ ਪ੍ਰੀਤ ਨੇ ਉਸ ਵਿਚ ਪਾਸ਼ ਦੀ ਕਵਿਤਾ ਸ਼ਕਤੀਸ਼ਾਲੀ ਤਰੀਕੇ ਨਾਲ ਪੇਸ਼ ਕੀਤੀ ਸੀ, ਉਸ ਨੂੰ ਸੰਗੀਤ ਪਰਮਜੀਤ ਸਿੰਘ ਨੇ ਦਿੱਤਾ ਸੀ । ਇਹ ਕੈਸੇਟ ਬਹੁਤ ਮਕਬੂਲ ਹੋਈ ਸੀ । ਇਸ ਖੇਤ੍ਰ ਵਿਚ ਹੁਣ ਇਕ ਮੀਲ ਪੱਥਰਾਂ ਵਰਗੀ ਪ੍ਰਾਪਤੀ ਸੁਰਜੀਤ ਪਾਤਰ ਦੀਆਂ ਗ਼ਜ਼ਲਾਂ ਦੀ ਇਹ ਕੈਸੇਟ 'ਬਿਰਖ ਜੋ ਸਾਜ਼ ਹੈ' ਪਾਤਰ ਦੀਆਂ ਹੀ ਗ਼ਜ਼ਲਾਂ 'ਇਸ ਕੈਸੇਟ ਵਿਚ ਪੇਸ਼ ਹਨ । ਸ਼ਮਸ਼ੇਰ ਸੰਧੂ ਅਤੇ ਹਰਿੰਦਰ ਬੀਸਲਾ ਇਹਦੇ ਨਿਰਮਾਤਾ ਹਨ, ਕਰੀਏਟਿਵ ਮਿਊਜ਼ਿਕ ਕੰਪਨੀ ਦੀ ਇਹ ਦੇਣ ਹੈ ਅਤੇ ਜਰਨੈਲ ਘੁੰਮਾਣ ਦੀ ਨਿਗਰਾਨੀ ਵਿਚ ਇਹ ਤਿਆਰ ਕੀਤੀ ਗਈ ਹੈ । ਪ੍ਰਸਿੱਧ ਸੰਗੀਤ ਨਿਰਦੇਸ਼ਕ ਅਤੁੱਲ ਸ਼ਰਮਾ ਨੇ ਇਸ ਕੈਸੇਟ ਵਿਚ ਢੁੱਕਵਾਂ ਸੰਗੀਤ ਦਿੱਤਾ ਹੈ । ਗ਼ਜ਼ਲਾਂ ਜਿੱਥੇ ਉਤਮ ਸਾਹਤਿਕ ਕਿਰਤਾਂ ਹਨ, ਉਥੇ ਪਾਤਰ ਨੇ ਆਪਣੀ ਆਵਾਜ਼ ਵਿਚ ਇਨ੍ਹਾਂ ਨੂੰ ਹੋਰ ਵੀ ਸ਼ਕਤੀ ਦਿੱਤੀ ਹੈ ਸਾਹਿਤ ਹਮੇਸ਼ਾ ਕਿਤਾਬਾਂ ਦੀ ਸ਼ਕਲ ਵਿਚ ਹੀ ਸਾਂਭਿਆ ਗਿਆ ਹੈ ਪਰ ਕੈਸੇਟਾਂ ਵਿਚ ਹੁਣ ਇਹਦੀ ਸੰਭਾਲ ਇਕ ਵਧੀਆ ਕਦਮ ਹੈ । ਇਕ ਕੈਸੇਟ ਦੀ ਕੀਮਤ 25 ਰੁਪਏ ਰੱਖੀ ਗਈ ਹੈ । ਪਾਤਰ ਦੀਆਂ 11 ਚੋਟੀ ਦੀਆਂ ਗ਼ਜ਼ਲਾਂ ਇਸ ਵਿਚ ਸ਼ਾਮਲ ਹਨ । ਇਸ ਕੈਸੇਟ ਦੇ ਨਿਰਮਾਤਾ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਵਾਜਬ ਕੀਮਤ 'ਤੇ ਇਹ ਕੈਸੇਟ ਸਾਹਿਤ ਪ੍ਰੇਮੀਆਂ ਲਈ ਮੁਹੱਈਆ ਕੀਤੀ ਹੈ ।

ਗੁਰਸ਼ਰਨ ਸਿੰਘ